BC Centre for Disease Control
Provincial Health Services Authority

STI/HIV Services 604.707.5600
Clinical Prevention Services 604.707.5604
655 West 12th Avenue bccdc.ca
Vancouver, BC V5Z 4R4 SmartSexResource.com

ਫ਼ੈਸਫ਼ੋਮਾਈਸਿਨ (FOSFOMYCIN)

ਫ਼ੈਸਫ਼ੋਮਾਈਸਿਨ ਮੰ ਹ ਰਾਹੀਂ ਲਿਆ ਜਾਣ ਵਾਲਾ ਇੱਕ ਐਂਟੀਬਾਇਓਟਿਕ ਹੈ ਜਿਸਨੰ ਮਸਾਨੇਦੀਆਂ ਇਨਫ਼ੈਕਸ਼ਨਾਂ ਸਮੇਤ ਪਿਸ਼ਾਬ ਨਾਲੀ ਦੀਆਂ ਗ਼ੈਰ-ਗੰ ਭ਼ਲ਼ਦਾਰ ਇਨਫ਼ੈਕਸ਼ਨਾਂ (ਯ .ਟੀ.ਆਈ.) ਦੇ ਟ੍ਰੀਟਮੈਂਟ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਐਲਰਜੀਆਂ (Allergies)

- ਜੇ ਤੁਹਾਨੂੰ ਫ਼ੈਸਫ਼ੋਮਾਈਸਿਨ ਟ੍ਰੋਮੇਥਾਮਾਈਨ ਜਾਂ ਉਸ ਦੇ ਫ਼ਾਰਮੁਲੇ ਵਾਲੇ ਤੱਤਾਂ – ਜਿਨ੍ਹਾਂ ਵਿੱਚ ਇਸ ਨੂੰ ਸਵਾਦ ਪ੍ਰਦਾਨ ਕਰਨ ਵਾਲੀਆਂ ਚੀਜ਼ਾਂ ਅਤੇ ਸਲਫ਼ਾਈਟਸ ਸ਼ਾਮਲ ਹਨ – ਤੋਂ ਕੋਈ ਐਲਰਜੀ ਹੈ ਜਾਂ ਤੁਸੀਂ ਉਨ੍ਹਾਂ ਪ੍ਰਤੀ ਸੰਵੇਦਨਸ਼ੀਲ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

ਗਰਭਵਤੀ ਹੋਣਾ ਅਤੇ ਛਾਤੀ ਦਾ ਦੁੱਧ ਚੁੰਘਾਉਣਾ (Pregnancy and Breast/Chest Feeding)

- ਜੇ ਤੁਸੀਂ ਗਰਭ ਧਾਰਨ ਕਰਨ ਬਾਰੇ ਯੋਜਨਾ ਬਣਾ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।
- ਗਰਭਵਤੀ ਹੋਣ ਦੌਰਾਨ ਅਤੇ ਛਾਤੀ ਦਾ ਦੁੱਧ ਚੁੰਘਾਉਣ ਦੌਰਾਨ ਫ਼ੈਸਫ਼ੋਮਾਈਸਿਨ ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰੋ।

ਸਾਵਧਾਨ (CAUTION)

- ਜੇ ਤੁਹਾਨੂੰ ਜਿਗਰ ਅਤੇ/ਜਾਂ ਗੁਰਦੇ ਦੀਆਂ ਬਿਮਾਰੀਆਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਸੂਚਿਤ ਕਰੋ।
- **ਹੋਰਨਾਂ ਦਵਾਈਆਂ ਉੱਪਰ ਪ੍ਰਭਾਵ:** ਕਿਰਪਾ ਕਰਕੇ ਧਿਆਨ ਦਿਓ ਕਿ ਵੱਖ-ਵੱਖ ਦਵਾਈਆਂ ਉੱਪਰ ਪੈਣ ਵਾਲੇ ਵਿਅਕਤੀਗਤ ਪ੍ਰਭਾਵਾਂ ਨੂੰ ਇਸ ਦਸਤਾਵੇਜ਼ ਵਿੱਚ ਸੂਚੀਬੱਧ ਨਹੀਂ ਕੀਤਾ ਗਿਆ ਹੈ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ ਜਾਂ ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਮਨਪਰਚਾਵੇ ਵਾਲੇ ਉਤਪਾਦ ਲੈ ਰਹੇ ਹੋ ਜਾਂ ਤੁਸੀਂ ਹਾਲ ਹੀ ਵਿੱਚ ਕੋਈ ਲਾਈਵ ਵੈਕਸੀਨ ਲਗਵਾਈ ਹੈ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲਬਾਤ ਕਰੋ।

ਅਣਚਾਹੇ ਅਸਰ (Side Effects)

- ਤੁਹਾਨੂੰ ਹੇਠ ਲਿਖਿਆ ਮਹਿਸੂਸ ਹੋ ਸਕਦਾ ਹੈ:
  - ਦਸਤ, ਪੇਟ ਦਰਦ, ਬਦਹਜ਼ਮੀ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ
  - ਧੱਫੜ ਅਤੇ ਖਾਜ
  - ਸਿਰ ਦਰਦ ਅਤੇ ਚੱਕਰ ਆਉਣਾ
  - ਨੱਕ ਵਗਣਾ
  - ਪਿੱਠ ਦਰਦ
- ਦਵਾਈ ਦੀ ਖ਼ੁਰਾਕ ਲੈਣ ਤੋਂ 2 ਮਹੀਨੇ ਜਾਂ ਜ਼ਿਆਦਾ ਸਮੇਂ ਬਾਅਦ ਦਸਤ ਲੱਗ ਸਕਦੇ ਹਨ। ਜੇ ਦਸਤ ਜਾਰੀ ਰਹਿਣ ਜਾਂ ਬਦਤਰ ਹੋ ਜਾਣ ਤਾਂ ਉਨ੍ਹਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਸੂਚਿਤ ਕਰੋ।

Last review by BCCDC Pharmacy: May 2025

ਦਵਾਈ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਦਵਾਈ ਦੀ ਖ਼ੁਰਾਕ ਬਾਰੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ।
- ਫ਼ੈਸਫ਼ੋਮਾਈਸਿਨ ਨੂੰ ਖ਼ਾਲੀ ਪੇਟ, ਜਾਂ ਖਾਣ ਖਾਣ ਤੋਂ ਘੱਟੋ-ਘੱਟ 2 ਤੋਂ 3 ਘੰਟੇ ਬਾਅਦ ਲਓ।
- ਫ਼ੈਸਫ਼ੋਮਾਈਸਿਨ ਤਿਆਰ ਕਰਨ ਲਈ ਇਸ ਦੀ ਇੱਕ ਸੈਸ਼ੇ ਵਿਚਲਾ ਸਾਰਾ ਪਾਊਡਰ 125 ਮਿਲੀਲੀਟਰ (1/2 ਕੱਪ) ਠੰਡੇ ਪਾਣੀ ਵਿੱਚ ਪਾਓ। ਘੋਲਣ ਲਈ ਚੰਗੀ ਤਰ੍ਹਾਂ ਮਿਲਾਓ ਅਤੇ ਤੁਰੰਤ ਪੀ ਜਾਓ।
- ਪਾਊਡਰ ਨੂੰ ਖ਼ੁਸ਼ਕ ਨਾ ਲਓ ਅਤੇ ਇਸ ਨੂੰ ਗਰਮ ਪਾਣੀ ਵਿੱਚ ਨਾ ਰਲ਼ਾਓ।

ਸਾਂਭ ਕੇ ਰੱਖਣ ਸੰਬੰਧੀ ਹਿਦਾਇਤਾਂ (Storage Instructions)

- 15 ਤੋਂ 30 ਡਿਗਰੀ ਸੈਲਸੀਅਸ 'ਤੇ ਕਮਰੇ ਦੇ ਤਾਪਮਾਨ 'ਤੇ ਰੱਖੋ। ਰੌਸ਼ਨੀ, ਗਰਮੀ ਅਤੇ ਨਮੀ ਤੋਂ ਬਚਾਓ।
- ਜਦੋਂ ਤੱਕ ਖ਼ੁਰਾਕ ਲੈਣ ਦਾ ਸਮਾਂ ਨਾ ਹੋਵੇ ਉਦੋਂ ਤੱਕ ਸੈਸ਼ੇ ਨੂੰ ਨਾ ਖੋਲ੍ਹੋ।
- ਦਵਾਈਆਂ ਉੱਪਰ ਲਿਖੀ ਮਿਆਦ ਪੁੱਗਣ ਦੀ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

ਵਿਸ਼ੇਸ਼ ਹਿਦਾਇਤਾਂ (Special Instructions)

- ਜੇ 3 ਦਿਨਾਂ ਦੇ ਅੰਦਰ-ਅੰਦਰ ਤੁਹਾਡੇ ਲੱਛਣ ਨਹੀਂ ਸੁਧਰਦੇ ਜਾਂ ਜੇ ਉਹ ਬਦਤਰ ਹੋ ਜਾਂਦੇ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ http://www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।